# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਕਾਰਜ ਸੰਚਾਲਨ ਸ਼ਾਖਾ

ਨੰ.......................
ਮਿਤੀ..................

ਸਮਰੱਥ ਅਧਿਕਾਰੀਆਂ ਦੇ ਆਦੇਸ਼ਾਂ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ ਵੱਖ-ਵੱਖ ਕਲਾਸਾਂ ਦੇ ਓਡ ਸਿਮੈਸਟਰ ਦੀਆਂ ਥਿਊਰੀ ਪ੍ਰੀਖਿਆਵਾਂ, ਸੈਸ਼ਨ- ਨੰਵਬਰ-ਦੰਸਬਰ-2025, ਮਿਤੀ 15 ਨੰਵਬਰ, 2025 ਤੋਂ ਆਰੰਭ ਹੋ ਰਹੀਆਂ ਹਨ। ਇਨ੍ਹਾਂ ਪ੍ਰੀਖਿਆਵਾਂ ਦੀਆਂ ਡੇਟ-ਸ਼ੀਟਾਂ ਯੂਨੀਵਰਸਿਟੀ ਦੀ ਵੈਬਸਾਈਟ **gndu.ac.in** ਤੇ **upload** ਕੀਤੀਆਂ ਜਾ ਰਹੀਆਂ ਹਨ, ਜਿੰਨਾਂ ਨੂੰ ਯੂਨੀਵਰਸਿਟੀ ਦੀ ਵੈੱਬ-ਸਾਈਟ **https://collegeadmissions.gndu.ac.in/StudentArea/ViewDateSheet.aspx** ਤੋਂ **Download** ਕਰ ਲਿਆ ਜਾਵੇ ।

ਸਮੂਹ ਸੰਬੰਧਤਾਂ ਅਤੇ ਪ੍ਰੀਖਿਆਰਥੀਆਂ ਦੀ ਜਾਣਕਾਰੀ ਹਿਤ ਦਸਿਆ ਜਾਂਦਾ ਹੈ ਕਿ ਕੁਝ ਪ੍ਰਬੰਧਕੀ ਕਾਰਨਾਂ ਕਰਕੇ ਬਹੁਤ ਸਾਰੀਆਂ ਡੇਟ-ਸ਼ੀਟਾਂ **(Revised)** ਕਰਕੇ ਯੂਨੀਵਰਸਿਟੀ ਦੀ ਵੈਬ ਸਾਈਟ ਤੇ ਅਪਲੋਡ ਕੀਤੀਆਂ ਗਈਆਂ ਹਨ। ਇਹਨਾਂ **Revised** ਕੀਤੀਆਂ ਡੇਟ-ਸ਼ੀਟਾਂ ਨੂੰ ਦੁਬਾਰਾਂ ਤੋਂ ਯੂਨੀਵਰਸਿਟੀ ਦੀ ਵੈਬ-ਸਾਈਟ ਤੋਂ ਡਾਊਨਲੋਡ ਕਰ ਲਿਆ ਜਾਵੇ।

ਇਸ ਦੇ ਨਾਲ ਹੀ ਕਈ ਵਾਰ ਡੇਟ-ਸ਼ੀਟਾਂ ਵਿਚ ਤਬਦੀਲੀ ਹੋ ਸਕਦੀ ਹੈ। ਇਸ ਲਈ ਪ੍ਰੀਖਿਆਵਾਂ ਸਮਾਪਤ ਹੋਣ ਤੱਕ ਸਮੇਂ-ਸਮੇਂ ਤੇ ਡੇਟ-ਸ਼ੀਟਾਂ ਅਤੇ ਨੋਟੀਫਿਕੇਸ਼ਨਜ਼ ਨੂੰ ਯੂਨੀਵਰਸਿਟੀ ਦੀ ਵੈਬਸਾਈਟ ਤੋਂ ਚੈਕ ਜ਼ਰੂਰ ਕਰ ਲਿਆ ਜਾਇਆ ਕਰੇ।

ਇਹ ਜਾਣਕਾਰੀ ਯੂਨੀਵਰਸਿਟੀ ਦੀ ਵੈਬਸਾਈਟ ਦੇ ਮੇਨ ਪੇਜ ਤੇ ਵੀ ਉਪਲਬਧ ਹੈ।

ਸਹੀ/-
ਪ੍ਰੋਫੈਸਰ ਇੰਚਾਰਜ (ਪ੍ਰੀਖਿਆਵਾਂ)

ਅਕਤੂਬਰ 31, 2025
ਪਿਠ-ਅੰਕਣ ਨੰਬਰ ...9756.../CA-2

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਯੂਨੀਵਰਸਿਟੀ ਨਾਲ ਸਬੰਧਤ ਮਾਨਤਾ ਪ੍ਰਾਪਤ/ਕਾਂਸਟਿਚਿਊਐਂਟ/ਐਸੋਸਿਏਟ ਕਾਲਜਾਂ/ਸੰਸਥਾਵਾਂ ਦੇ ਪ੍ਰਿੰਸੀਪਲ/ ਕੋ-ਆਰਡੀਨੇਟਰ/ਓ.ਐਸ.ਡੀ. ਸਾਹਿਬਾਨ (ਉਪਰੋਕਤ ਸਬੰਧੀ ਸਮੂਹ ਪ੍ਰੀਖਿਆਰਥੀਆਂ ਨੂੰ ਸੂਚਨਾ ਦੇਣੀ ਯਕੀਨੀ ਬਣਾਉਣ ਹਿੱਤ)
2. ਨਿਜੀ ਸਹਾਇਕ ਉਪ ਕੁਲਪਤੀ ਜੀ
3. ਨਿਜੀ ਸਹਾਇਕ ਡੀਨ ਵਿਦਿਅਕ ਮਾਮਲੇ
4. ਨਿਜੀ ਸਹਾਇਕ ਰਜਿਸਟਰਾਰ
5. ਨਿਜੀ ਸਹਾਇਕ ਡੀਨ ਵਿਦਿਆਰਥੀ ਭਲਾਈ
6. ਨਿਜੀ ਸਹਾਇਕ ਡੀਨ ਕਾਲਜ ਵਿਕਾਸ ਕੌਂਸਲ
7. ਨਿਜੀ ਸਹਾਇਕ ਪ੍ਰੋਫੈਸਰ ਇੰਚਾਰਜ (ਪ੍ਰੀਖਿਆਵਾਂ)
8. ਸਹਾਇਕ ਰਜਿਸਟਰਾਰ ਪ੍ਰੀਖਿਆ ਸ਼ਾਖਾ (1,2,3)
9. ਸਹਾਇਕ ਰਜਿਸਟਰਾਰ (ਗੁਪਤ ਸ਼ਾਖਾ)
10. ਸਿਸਟਮ ਐਡਮਿਨਿਸਟ੍ਰੇਟਰ ਪ੍ਰੀਖਿਆਵਾਂ
11. ਇੰਚਾਰਜ, ਕੰਪਿਊਟਰ ਸੈਂਟਰ (ਯੂਨੀਵਰਸਿਟੀ ਦੀ ਵੈੱਬ ਸਾਈਟ ਦੇ ਮੇਨ ਪੇਜ ਤੇ ਅਪਲੋਡ ਕਰਨ ਹਿੱਤ)

ਉਪ-ਰਜਿਸਟਰਾਰ (ਕਾਰਜ ਸੰਚਾਲਨ)

Scanned with OKEN Scanner